# ਸੋਮਵਾਰ 16 ਜੁਲਾਈ 2018 ਤੋਂ ਐਤਵਾਰ 22 ਜੁਲਾਈ 2018 ਤੱਕ

- **16.7.18 ਸੋਮਵਾਰ:-**
- **ਸੰਗ੍ਰਾਂਦ ਸਾਉਣ ਮਹੀਨੇ ਦੀ**
- **ਸ਼ਹੀਦੀ ਭਾਈ ਤਾਰੂ ਸਿੰਘ ਜੀ**

- **18.7.18 ਬੁੱਧਵਾਰ: - 4.30 ਵਜੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ ਦੇਗਾਂ ਦੀਆਂ ਸੇਵਾਵਾਂ: - ਸ਼੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਹੀਰਾ ਜਵੈਲਰ, ਨੀਲ ਕਮਲ ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

- **19.7.18 ਵੀਰਵਾਰ:-**
- **6.00 ਵੱਜੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**20.7.18 ਸ਼ੁਕਰਵਾਰ:-**

- **10.00 ਵਜ਼ੇ:-** ਸਾਧ ਸੰਗਤ ਵੱਲੋਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।
- **ਦੇਗਾਂ ਦੀਆਂ ਸੇਵਾਵਾਂ: -** ਸ੍ਰ ਸੁਰਜੀਤ ਸਿੰਘ ਸੇਖੋਂ, ਸ੍ਰ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ੍ਰ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ੍ਰ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ੍ਰ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ੍ਰ: ਗੁਰਦੇਵ ਸਿੰਘ ਔਲਖ ਸ੍ਰ: ਤਰਸੇਮ ਸਿੰਘ ਅਤੇ ਚਰਨਜੀਤ ਸਿੰਘ ਬਾਸੀ, ਸ੍ਰ ਛਿੰਦਾ ਸਿੰਘ ਥਾਂਦੀ ਤੇ ਸਵ: ਨਿਰਮਲ ਸਿੰਘ ਪੁਰੇਵਾਲ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

- **21.7.18 ਸ਼ਨਿਚਰਵਾਰ: -**ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ

- **Sports Day**
- **4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- **22.7.18 ਐਤਵਾਰ:-**

**10.00 ਵਜ਼ੇ: -** ਸਾਧ ਸੰਗਤ ਵੱਲੋਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦੇ ਸਬੰਧ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

- Children will meet with their new teachers for September.

**ਜੁਲਾਈ**

- **23 ਜੁਲਾਈ ਪ੍ਰਕਾਸ਼ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ**
- **31 ਜੁਲਾਈ ਸ਼ਹੀਦੀ ਦਿਨ ਸ ਉਧਮ ਸਿੰਘ ਜੀ**

## ਸ਼ਹੀਦੀ ਦਿਵਸ ਤੇ ਵਿਸ਼ੇਸ਼ - ਭਾਈ ਤਾਰੂ ਸਿੰਘ ਸ਼ਹੀਦ

- ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਕੇਸ, ਦਾਹੜੀ ਤੇ ਦਸਤਾਰ ਵਾਲਾ ਰੂਪ ਬਖਸ਼ ਕੇ, ਅੰਮ੍ਰਿਤ ਦੀ ਦਾਤ ਪ੍ਰਦਾਨ ਕਰ ਕੇ ਆਪਣੇ ਜਿਹਾ ਕਰ ਲਿਆ ਅਤੇ ਗੁਰੂ ਜੀ ਦਾ ਹੁਕਮ ਵੀ ਹੈ ਕਿ :
  ਖਾਲਸਾ ਮੇਰੋ ਰੂਪ ਹੈ ਖਾਸ ।
  ਖਾਲਸੇ ਮੇਂ ਹਉਂ ਕਰਉਂ ਨਿਵਾਸ॥

PTO

ਗੁਰੂ ਸਾਹਿਬ ਦੁਆਰਾ ਬਖਸ਼ੀ ਅਮੁੱਲ ਸਿੱਖੀ1 ਨੂੰ ਕੇਸਾਂ-ਸੁਆਸਾਂ ਸੰਗ ਨਿਭਾਉਣ ਦੇ ਦ੍ਰਿੜ ਸੰਕਲਪ ਦੇ ਧਾਰਨੀ ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪੂਹਲਾ ਜਿਲ੍ਹਾ ਲਾਹੌਰ ਵਿਖੇ ਹੋਇਆ। ਬਚਪਨ ਵਿੱਚ ਹੀ ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਤੇ ਗੁਰਸਿੱਖ ਮਾਤਾ ਨੇ ਬੱਚੇ ਦੀ ਰਗ-ਰਗ ਵਿਚ ਗੁਰਬਾਣੀ, ਗੁਰ ਇਤਿਹਾਸ ਤੇ ਗੁਰ ਸਿੱਖੀ ਲਈ ਅਥਾਹ ਸ਼ਰਧਾ ਤੇ ਪਿਆਰ ਭਰ ਦਿੱਤਾ।

ਬੰਦਾ ਬਹਾਦਰ ਦੀ ਸ਼ਹੀਦੀ (1716 ਈ:) ਤੋਂ ਬਾਅਦ ਸਿੱਖਾਂ ਉੱਤੇ ਮੁਗ਼ਲ ਹਕੂਮਤ ਦੇ ਜੁਲਮ ਦੀ ਤਲਵਾਰ ਅੰਨ੍ਹੇਵਾਹ ਚੱਲਣ ਲੱਗੀ। ਜੁਆਨ ਉਮਰੇ ਭਾਈ ਸਾਹਿਬ ਖੇਤੀਬਾੜੀ ਕਰਨ ਦੇ ਨਾਲ-ਨਾਲ ਆਪਣੀ ਜ਼ਮੀਨ ਦੀ ਉਪਜ ਦੁਆਰਾ ਜੰਗਲਾਂ ਵਿੱ ਚ ਘੁੰਮਣ ਵਾਲੇ ਬਿਪਤਾ ਮਾਰੇ ਆਪਣੇ ਸਿੱਖ ਭਰਾਵਾਂ ਲਈ ਲੰਗਰ ਦੀ ਸੇਵਾ ਤੇ ਹੋਰ ਮਦਦ ਕਰਨ ਲੱਗੇ। ਆਪ ਨਿੱਜੀ ਤੌਰ ਤੇ ਬੜੇ ਅਮਨ ਪਸੰਦ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਵਿਅਕਤੀ ਸਨ। ਜੰਡਿਆਲੇ ਦੇ ਇੱਕ ਮੁਖਬਰ ਹਰਭਗਤ ਨਿਰੰਜਨੀਏ ਨੇ ਭਾਈ ਸਾਹਿਬ ਦੇ ਖਿਲਾਫ ਲਾਹੌਰ ਦੇ ਗਵਰਨਰ ਜ਼ਕਰੀਆ ਖਾਂ ਦੇ ਕੰਨ ਭਰੇ ਕਿ ਤਾਰੂ ਸਿੰਘ ਡਾਕੂਆਂ ਤੇ ਬਾਗੀਆਂ ਨੂੰ ਆਪਣੇ ਘਰ ਸ਼ਰਨ ਦਿੰਦਾ ਹੈ। ਜ਼ਕਰੀਆ ਖਾਂ ਦੇ ਹੁਕਮ ਨਾਲ ਹਰਭਗਤ 20 ਪੈਦਲ ਸਿਪਾਹੀ ਲੈ ਕੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਤੁਰ ਪਿਆ। ਜੂਨ 1745 ਈ: ਵਿੱਚ ਤਾਰੂ ਤਿੰਘ ਨੂੰ ਫੜ੍ਹ ਕੇ ਰਾਜਧ੍ਰੋਹੀ ਹੋਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਂ ਵੱਲੋ ਭਾਈ ਤਾਰੂ ਸਿੰਘ ਨੂੰ ਆਪਣੇ ਕੀਤੇ ਤੇ ਪਛਤਾਵਾ ਕਰਕੇ ਇਸਲਾਮ ਕਬੂਲ ਕਰਨ ਲਈ ਕਈ ਲਾਲਚ ਤੇ ਡਰਾਵੇ ਦਿੱਤੇ ਗਏ ਪਰੰਤੂ ਭਾਈ ਤਾਰੂ ਸਿੰਘ " ਨਿਰਭਉ ਜਪੈ ਸਗਲ ਭਉ ਮਿਟੈ" ਦੇ ਗੁਰਵਾਕ ਦੇ ਪੱਕੇ ਧਾਰਨੀ ਸਨ ਤੇ ਉਹਨਾਂ ਦਾ ਜਵਾਬ ਇਹ ਸੀ ਕਿ :

" ਤੂੰ ਜੇ ਹਮ ਪੈ ਹੈਂ ਮਿਹਰਬਾਨ। ਆਖ ਹਮੈਂ ਨਾ ਹੋਹੁ ਮੁਸਲਮਾਨ।
ਤੂੰ ਦਸ ਹਮੈ ਕੁਛ ਐਸੇ ਰਾਹੁ। ਕੇਸੀਂ ਸਾਸੀਂ ਹੋਇ ਨਿਬਾਹੁ॥੧॥ "

ਭਾਈ ਸਾਹਿਬ ਦਾ ਅਡੋਲ ਨਿਸਚਾ ਦੇਖ ਕੇ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਦੀ ਗੱਲ ਸੁੱਣ ਕੇ ਖਾਨ ਬਹਾਦਰ ਨੇ ਇੱਕ ਮੋਚੀ ਤੋਂ ਤਾਰੂ ਸਿੰਘ ਜੀ ਦੀ ਖੋਪਰੀ ਉਤਰਵਾ ਦਿੱਤੀ। ਪਹਿਲੀ ਜੁਲਾਈ 1745 ਈ: ਨੂੰ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਹੋਈ। ਉਸ ਸਮੇਂ ਉਹ ਪੰਞੀ ਸਾਲਾਂ ਦੇ ਨੌਜਵਾਨ ਸਨ। ਭਾਈ ਸਾਹਿਬ ਦੇ ਪ੍ਰਾਣ ਨਿਕਲਣ ਤੋਂ ਕੁਝ ਘੰਟੇ ਪਹਿਲਾਂ ਜ਼ਕਰੀਆ ਖਾਂ ਵੀ ਆਪਣੇ ਪਾਪਾਂ ਦਾ ਫਲ ਭੋਗਣ ਲਈ ਇੱਕ ਗੰਭੀਰ ਬਿਮਾਰੀ ਦੇ ਸਿੱਟੇ ਵਜੋਂ ਜਹਾਨ ਛੱਡ ਗਿਆ। ਸਿੱਖ ਧਰਮ ਵਿੱਚ ਇਹ ਰਵਾਇਤ ਹੈ ਕਿ ਭਾਈ ਸਾਹਿਬ ਨੇ ਤਸੀਹੇ ਭੁਗਤਣ ਸਮੇਂ ਇਹ ਕਿਹਾ ਸੀ ਕਿ ਉਸ ਦੀ ਮੌਤ ਤੋਂ ਪਹਿਲਾਂ ਜ਼ਾਲਮ ਜ਼ਕਰੀਆ ਖਾਂ ਦਾ ਵੀ ਅੰਤ ਹੋ ਜਾਵੇਗਾ। ਲਾਹੌਰ ਵਿੱਚ ਹੀ ਸ਼ਹੀਦਗੰਜ ਦੇ ਅਸਥਾਨ ਤੇ ਭਾਈ ਤਾਰੂ ਸਿੰਘ ਜੀ ਦੀ ਮਿਰਤਕ ਦੇਹ ਦਾ ਸਸਕਾਰ ਕੀਤਾ ਗਿਆ।

ਭਾਈ ਸਾਹਿਬ ਜੀ ਦੀ ਇਹ ਬੇਮਿਸਾਲ ਕੁਰਬਾਨੀ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਦਾ ਦ੍ਰਿੜ ਨਿਸਚਾ ਅਜੋਕੇ ਸਿੱਖ ਨੌਜਵਾਨਾਂ ਲਈ ਇੱਕ ਅਨੂਠੀ ਮਿਸਾਲ ਹੈ ਜੋ ਫੈਸ਼ਨ ਪ੍ਰਸਤੀ ਵਿੱਚ ਪੈ ਕੇ ਆਪਣੇ ਕੇਸ ਇੱਕ ਦੂਜੇ ਤੋਂ ਪਹਿਲਾਂ ਕਤਲ ਕਰਾਉਣ ਲਈ ਤਰਲੋਮੱਛੀ ਹੋ ਰਹੇ ਹਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਪੂਹਲਾ ਜ਼ਿਲ੍ਹਾ ਤਰਨਤਾਰਨ ਦੀ ਸੰਗਤ ਤੇ ਇਲਾਕਾ ਨਿਵਾਸੀਆਂ ਵੱਲੋਂ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ 16 ਜੁਲਾਈ (1 ਸਾਵਣ) ਨੂੰ ਭਾਰੀ ਜੋੜ ਮੇਲੇ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ।

• ਸੁਭਿੰਦਰਜੀਤ ਸਿੰਘ,
ਐਮ.ਏ (ਹਿਸਟਰੀ, ਅੰਗਰੇਜ਼ੀ) ਐਮ.ਐਡ,
ਮੁੱਖ ਅਧਿਆਪਕ ਸਰਕਾਰੀ ਕੰਨਿਆ ਸੈਕੰਡਰੀ ਸਕੂਲ,
ਅਲਗੋਂ (ਤਰਨ ਤਾਰਨ)।
ਮੋਬਾਇਲ: 98159 42652